# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 899 ਮਿਤੀ: 17/3/23

**ਵਿਸ਼ਾ:- ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 17/03/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 16 ਅਤੇ 17 ਮਿਤੀ 17/03/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 900-903 **ਮਿਤੀ:** 17/3/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

O/C

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:17.03.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 16, 17.03.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ, ਫਗਵਾੜਾ ਕਿ ਨਗਰ ਨਿਗਮ ਫਗਵਾੜਾ ਦੀ ਸਟਰੀਟ ਲਾਈਟ ਦੇ ਚੱਲ ਰਹੇ ਕੰਮ ਦਾ ਤਖਮੀਨਾ ਖਤਮ ਹੋਣ ਵਾਲਾ ਹੈ।ਇਸ ਕੰਮ ਦਾ ਵਰਕ ਆਡਰ ਕ੍ਰਮਵਾਰ ਨੰ. 24/CE,25/CE,26/CE ਅਤੇ 27/CE ਮਿਤੀ 09-05-2022 ਰਾਂਹੀ ਅਲਾਟ ਕੀਤਾ ਗਿਆ ਸੀ। ਜਿਸ ਦੀ ਮਿਆਦ ਮਿਤੀ 08-5-2023 ਨੂੰ ਖਤਮ ਹੋ ਰਹੀ ਹੈ। ਪਬਲਿਕ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ ਸਟਰੀਟ ਲਾਈਟਾਂ ਦੀ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਨਵਾਂ ਤਖਮੀਨਾ ਰਾਸ਼ੀ 49.89 ਲੱਖ ਤਿਆਰ ਕੀਤਾ ਗਿਆ ਹੈ। ਕਿਉਂ ਜੋ ਸਟਰੀਟ ਲਾਈਟ ਦਾ ਕੰਮ ਐਮਰਜੇਂਸੀ ਨੇਚਰ ਦਾ ਹੈ। ਤਖਮੀਨਾ ਸੀ.ਐਸ.ਆਰ. ਅਤੇ ਐਨ.ਐਸ. ਰੇਟਾਂ ਤੇ ਅਧਾਰਿਤ ਹੈ।ਇਹ ਕੰਮ ਟੈਂਡਰ ਲੱਗਾ ਕੇ ਰੂਲਾਂ ਅਨੁਸਾਰ ਕਰਵਾਇਆ ਜਾਵੇਗਾ। ਇਹ ਕੰਮ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਇਸ ਲਈ ਉਕਤ ਕੰਮ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ Resolution Committee ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ------ | ਸੂਚਨਾ ਹਿੱਤ। |

| | | | | |
|---|---|---|---|---|
| 2 | 17, 17.03.2023 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ, ਮੁਹੱਲਾ ਪਟੇਲ ਨਗਰ, ਬੰਗਾ ਰੋੜ, ਫਗਵਾੜਾ ਵਿਖੇ ਇਲਾਕਾ ਨਿਵਾਸੀਆ ਵੱਲੋ ਦਫਤਰ ਨਗਰ ਨਿਗਮ ਫਗਵਾੜਾ ਦੇ ਪੱਤਰ ਨੰਬਰ 543 ਮਿਤੀ 01-03-2023 ਰਾਹੀ ਬੇਨਤੀ ਕੀਤੀ ਗਈ ਹੈ ਕਿ ਲਾਂਬਾ ਕਿਡਸ ਵਲਡ ਤੋਂ ਲੈ ਕੇ ਸ਼ਿਵ ਬਾੜੀ ਸ਼ਮਸ਼ਾਨ ਘਾਟ ਤੱਕ ਸੀਵਰ ਲਾਈਨ ਪਾਈ ਜਾਵੇ। ਜਿਸ ਤੋ ਬਾਅਦ ਇਸ ਜਗ੍ਹਾ ਦਾ ਮੌਕਾ ਦੇਖ ਕੇ ਰਿਪੋਰਟ ਕੀਤੀ ਜਾਂਦੀ ਹੈ ਕਿ ਉਕਤ ਜਗ੍ਹਾ ਤੇ ਸੀਵਰ ਲਾਈਨ ਨਾ ਹੋਣ ਕਾਰਣ ਇਲਾਕਾ ਨਿਵਾਸੀਆ ਨੂੰ ਸੀਵਰੇਜ ਦਾ ਕੁਨੈਕਸ਼ਨ ਲੈਣ ਵਿੱਚ ਬਹੁੱਤ ਪਰੇਸ਼ਾਨੀ ਹੋ ਰਹੀ ਹੈ। ਜਿਸ ਲਈ ਇਸ ਜਗ੍ਹਾ ਤੇ ਨਵੀ ਸੀਵਰ ਲਾਈਨ ਪਾਈ ਜਾਣੀ ਬਹੁੱਤ ਜਰੂਰੀ ਹੈ। ਉਕਤ ਜਗ੍ਹਾ ਤੇ ਨਵੀ ਸੀਵਰ ਲਾਈਨ ਪਾਉਣ ਲਈ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਮੁਤਾਬਕ ਇਸ ਜਗ੍ਹਾ ਤੇ ਨਵੀ 10" ਦੀ ਸੀਵਰ ਲਾਈਨ ਪਾਉਣ ਵਿੱਚ ਲਗਭਗ 16.32 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਹ ਕੰਮ ਦਫਤਰ ਨਗਰ ਨਿਗਮ ਫਗਵਾੜਾ ਵੱਲੋ ਕਰਾਇਆ ਜਾਣਾ ਹੈ।ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਇਸ ਉਕਤ ਕੰਮ ਨੂੰ ਕਰਾਉਣ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ Resolution Committee ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।